ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
(Established by Act No.19 of 2019 of Legislature of the State of Punjab)

Ref.No/ PSOU/ COE/.76.. Dated: 14.07/2022

ਵੱਲ

ਜੇਲ੍ਹ ਸੁਪਰਡੈਂਟ,
(ਅੰਮ੍ਰਿਤਸਰ, ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜਪੁਰ, ਹੁਸ਼ਿਆਰਪੁਰ, ਲੁਧਿਆਣਾ, ਨਾਭਾ, ਪਟਿਆਲਾ, ਸੰਗਰੂਰ, ਮਲੇਰਕੋਟਲਾ, ਰੋਪੜ, ਮੁਕਤਸਰ, ਗੁਰਦਾਸਪੁਰ, ਕਪੂਰਥਲਾ )

ਵਿਸ਼ਾ:- **ਯੂਨੀਵਰਸਿਟੀ ਵਲੋਂ "ਸਿੱਖਿਆ ਦਾਤ" ਸਕੀਮ ਅਧੀਨ ਵਿਦਿਆਰਥੀਆਂ ਦੀ ਅਗਸਤ 2022 ਦੀਆਂ ਪ੍ਰੀਖਿਆਵਾਂ ਸਬੰਧੀ ਹਦਾਇਤਾਂ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਯੂਨੀਵਰਸਿਟੀ ਵਲੋਂ **"ਸਿੱਖਿਆ ਦਾਤ"** ਸਕੀਮ ਅਧੀਨ ਵਿਦਿਆਰਥੀਆਂ ਦੀ ਅਗਸਤ 2022 ਦੇ ਪਹਿਲੇ ਹਫਤੇ ਵਿੱਚ ਪ੍ਰੀਖਿਆਵਾਂ ਲਈਆਂ ਜਾ ਰਹੀਆਂ ਹਨ, ਜਿਸ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਸਿੱਖਿਆ ਦਾਤ ਸਕੀਮ ਅਧੀਨ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਲਈ ਜੇਲ੍ਹ ਦੇ ਨੇੜੇ ਦੇ ਕਿਸੇ ਕਾਲਜ (ਪ੍ਰੀਖਿਆ ਸੈਂਟਰ) ਵਿਚੋਂ Invigilator ਨਾਮਜਦ ਕੀਤਾ ਜਾਵੇਗਾ, ਜਿਸ ਦੀ ਡਿਊਟੀ ਸਿੱਖਿਆ ਦਾਤ ਸਕੀਮ ਦੇ ਵਿਦਿਆਰਥੀਆਂ ਲਈ Answer Sheet ਜੇਲ੍ਹ ਸੁਪਰਡੈਂਟ ਨੂੰ ਪੇਪਰ ਵਾਲੇ ਦਿਨ ਪਹੁਚਾਉਣਾ ਅਤੇ ਪ੍ਰੀਖਿਆ ਪੂਰੀ ਹੋਣ ਮਗਰੋ Answer Sheet ਵਾਪਸ ਕਾਲਜ ਵਿੱਚ ਲੈ ਕੇ ਆਉਣ ਦੀ ਜਿੰਮੇਵਾਰੀ ਹੋਵੇਗੀ। ਇਸ ਸਬੰਧੀ ਅਗਲੇਰੀ ਕਾਰਵਾਈ ਕਰਨ ਮਗਰੋ ਜੇਲ੍ਹ ਦੇ ਸੁਪਰਡੈਂਟ ਨੂੰ ਕਾਲਜ ਦੇ ਨਾਮਜਦ ਕੀਤੇ Invigilator ਬਾਰੇ ਸੂਚਨਾਂ ਭੇਜ ਦਿੱਤੀ ਜਾਵੇਗੀ।
2. ਇਨ੍ਹਾਂ ਪ੍ਰੀਖਿਆਵਾਂ ਲਈ ਸਬੰਧਤ ਜੇਲ੍ਹ ਵਲੋਂ ਵੀ ਆਪਣਾ ਇੱਕ ਕਰਮਚਾਰੀ ਬਤੌਰ ਸੁਪਰਡੈਂਟ ਨਿਯੁਕਤ ਕਰਨਾ ਜਰੂਰੀ ਹੋਵੇਗਾ ਜੋ ਕਿ ਯੂਨੀਵਰਸਿਟੀ ਨਿਯਮਾਂ ਅਨੁਸਾਰ ਇਨ੍ਹਾਂ ਪ੍ਰੀਖਿਆਵਾਂ ਦੇ ਪ੍ਰੋਫਾਰਮੇ ਕਾਲਜ ਦੇ Invigilator ਦੇ ਨਾਲ ਤਾਲਮੇਲ ਕਰਕੇ ਭਰਨੇ ਯਕੀਨੀ ਬਣਾਵੇਗਾ ਅਤੇ Answer Sheet ਅਤੇ ਸਬੰਧਤ ਪ੍ਰੋਫਾਰਮਿਆਂ ਨੂੰ ਸੀਲਬੰਦ ਕਰਨ ਤੋਂ ਬਾਅਦ ਕਾਲਜ ਦੇ ਨਾਮਜਦ ਕੀਤੇ Invigilator ਨੂੰ ਪ੍ਰੀਖਿਆ ਖਤਮ ਹੋਣ ਤੋਂ ਤੁਰੰਤ ਬਾਅਦ ਸੌਂਪੇਗਾ।
3. ਜੇਲ੍ਹ ਸੁਪਰਡੈਂਟ ਨੂੰ ਇਨ੍ਹਾਂ ਪ੍ਰੀਖਿਆਵਾਂ ਦੇ Question Paper ਪ੍ਰੀਖਿਆਵਾਂ ਵਾਲੇ ਦਿਨ (ਆਨਲਾਈਨ) ਉਨ੍ਹਾਂ ਦੇ Login ID ਵਿੱਚ ਭੇਜ ਦਿੱਤੇ ਜਾਣਗੇ ਅਤੇ ਪ੍ਰੀਖਿਆ ਸਬੰਧੀ ਹਦਾਇਤਾਂ ਜੇਲ੍ਹ ਸੁਪਰਡੈਂਟ ਦੇ Whatsapp ਅਤੇ ਈ-ਮੇਲ ਤੇ ਭੇਜੀਆਂ ਜਾਣਗੀਆਂ।
4. ਇਨ੍ਹਾਂ ਪ੍ਰੀਖਿਆਵਾਂ ਲਈ ਜੇਲ੍ਹ ਵਿੱਚ ਇੱਕ ਕੰਪਿਊਟਰ, ਇੱਕ ਪ੍ਰਿੰਟਰ ਅਤੇ ਚੰਗੀ Bandwidth ਵਾਲਾ ਇੰਟਰਨੈਟ ਕੁਨੈਸ਼ਨ ਹੋਣਾ ਜੇਲ੍ਹ ਸੁਪਰਡੈਂਟ ਯਕੀਨੀ ਬਣਾਉਣਗੇ।
5. ਇਨ੍ਹਾਂ ਪ੍ਰੀਖਿਆਵਾਂ ਦੇ Exam Portal ਦਾ ਲਿੰਕ ( **http://115.124.102.238:8082/ExamCenter** ) ਭੇਜਿਆ ਜਾ ਰਿਹਾ ਹੈ ਅਤੇ ਜੇਲ੍ਹਾਂ ਦਾ Login ID ਅਤੇ Password ਬਾਅਦ ਵਿੱਚ ਜੇਲ੍ਹ ਸੁਪਰਡੈਂਟ ਦੀ ਈ-ਮੇਲ ਤੇ ਭੇਜ ਦਿੱਤਾ ਜਾਵੇਗਾ। ਜਿਸ ਵਿੱਚ ਪ੍ਰੀਖਿਆ ਸਬੰਧੀ ਜਾਣਕਾਰੀ ਹੋਵੇਗੀ।
6. ਇਹ ਪ੍ਰੀਖਿਆਵਾਂ ਦੋ ਸੈਸ਼ਨ ਵਿੱਚ ਕਰਵਾਈਆ ਜਾਣਗੀਆ। **ਪਹਿਲਾਂ ਸੈਸ਼ਨ** ਸਵੇਰੇ 9:30 ਵਜੇ ਤੋਂ 12:30 ਵਜੇ ਤੱਕ (Morning Session) ਅਤੇ **ਦੂਸਰਾ ਸੈਸ਼ਨ** ਦੁਪਹਿਰ 1:30 ਵਜੇ ਤੋਂ ਸ਼ਾਮ 4:30 ਵਜੇ ਤੱਕ (Evening Session) ਹੋਵੇਗਾ।
7. ਹੋਰ ਜਾਣਕਾਰੀ ਲਈ ਯੂਨੀਵਰਸਿਟੀ ਦੇ ਪ੍ਰੀਖਿਆ ਸਬੰਧਤ ਅਧਿਕਾਰੀ, ਡਾ. ਸੁਖਦੇਵ ਸਿੰਘ (**ਮੋਬਾਇਲ ਨੰਬਰ 97070-00004**) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ **coepsou@psou.ac.in** ਤੇ ਵੀ ਈ-ਮੇਲ ਕੀਤੀ ਜਾ ਸਕਦੀ ਹੈ।

14/7/2022
ਕੰਟਰੋਲਰ ਪ੍ਰੀਖਿਆਵਾਂ

Controller of Examinations
Jagat Guru Nanak Dev
Punjab State Open University
Patiala

**ਕਾਪੀ: (ਕਾਰਵਾਈ ਹਿੱਤ)**

ਅਸਿਸਟੈਂਟ ਪ੍ਰੋਗਰਾਮਰ (ਜ.) – ਸਮੂਹ ਉਕਤ ਜੇਲ੍ਹ ਸੁਪਰਡੈਂਟ ਨੂੰ ਈ.ਮੇਲ ਅਤੇ Whatsapp ਕਰਨ ਸਬੰਧੀ।

28-C, Lower Mall, Patiala-147001
Website: www.psou.ac.in
**Exam Branch:** 0175-5082367 (Landline), 95307-41524 (Mobile), **Email:** coepsou@psou.ac.in
**(Helpline)**